**<u>ਦਫਤਰ ਕਿਰਤ ਕਮਿਸ਼ਰ, ਪੰਜਾਬ,</u>**

**<u>ਕਿਰਤ ਭਵਨ, ਮਾਡਲ ਵੈਲਫੇਅਰ ਸੈਂਟਰ, ਫੇਜ਼-10, ਐਸ.ਏ.ਐਸ. ਨਗਰ</u>**

**<u>(ਅੰਕੜਾ ਸ਼ਾਖਾ)</u>**

ਨੰਬਰ/ਸਟ/ 18566 ਮਿਤੀ: 28/11/2024

ਮਿਤੀ 01.09.2024 ਤੋਂ ਪੰਜਾਬ ਰਾਜ ਵਿੱਚ ਘੱਟੋ-ਘੱਟ ਉਜਰਤਾਂ ਦੀਆਂ ਦਰਾਂ ਦੀ ਵਿਵਸਥਾ।

ਅਣ-ਸਿੱਖਿਅਤ ਕਾਮਿਆਂ ਅਤੇ ਕਾਮਿਆਂ ਦੀਆਂ ਹੋਰ ਸ਼੍ਰੇਣੀਆਂ ਲਈ ਅਧਿਸੂਚਨਾ ਨੰ: **S.O.22/C.A.11/1948/Ss.3 and 5/2015 ਮਿਤੀ 26.05.2015** ਰਾਹੀਂ ਅਨੁਸੂਚਿਤ ਰੋਜ਼ਗਾਰਾਂ ਦੇ ਸੰਬਧ ਵਿੱਚ ਘੱਟੋ-ਘੱਟ ਉਜਰਤਾਂ ਦੀਆਂ ਦਰਾਂ ਨੂੰ ਲੇਬਰ ਬਿਊਰੋ, ਭਾਰਤ ਸਰਕਾਰ ਦੁਆਰਾ ਸੰਕਲਿਤ (ਸੈਂਟਰਲ ਸੀਰੀਜ 2001=100) ਉਪਭੋਗਤਾ ਮੁੱਲ ਸੂਚਕ ਅੰਕ ਨਾਲ ਜੋੜਿਆ ਗਿਆ ਹੈ। ਉਪਰੋਕਤ ਸਰਕੂਲਰ ਦੇ ਮੱਦੇਨਜ਼ਰ, ਘੱਟੋ-ਘੱਟ ਉਜਰਤਾਂ ਦੀਆਂ ਦਰਾਂ ਅਗਸਤ, 2013 ਮਹੀਨੇ ਤੱਕ ਦੇ ਔਸਤ ਉਪਭੋਗਤਾ ਮੁੱਲ ਸੂਚਕ ਅੰਕ ਦੇ ਅਨੁਸਾਰ ਤੈਅ ਕੀਤੀਆਂ ਗਈਆਂ ਹਨ। ਮਹੀਨਾ ਅਗਸਤ, 2013 (ਬੇਸ ਇੰਡੈਕਸ) ਨੂੰ ਖਤਮ ਹੋਣ ਵਾਲੇ ਛੇ ਮਹੀਨਿਆਂ ਦਾ ਔਸਤ ਉਪਭੋਗਤਾ ਮੁੱਲ ਸੂਚਕ ਅੰਕ 227 ਹੈ। ਹੁਣ, ਉਦਯੋਗਿਕ ਕਾਮਿਆਂ ਲਈ ਉਪਭੋਗਤਾ ਮੁੱਲ ਸੂਚਕ ਅੰਕ ਦੀ ਇੱਕ ਨਵੀਂ ਸੀਰੀਜ (ਕੰਜਿਊਮਰ ਪ੍ਰਾਈਸ ਇੰਡੈਕਸ-ਇੰਡਸਟਰੀਅਲ ਵਰਕਰਜ਼) (ਬੇਸ 2016=100) ਲੇਬਰ ਬਿਊਰੋ ਦੁਆਰਾ ਪੱਤਰ ਨੰਬਰ 114/1/2013-CPI ਮਿਤੀ 03.11.2020 ਦੁਆਰਾ ਅਪਣਾਈ ਗਈ ਹੈ।

ਨਵੀਂ ਸੀਰੀਜ਼ ਕੰਜਿਊਮਰ ਪ੍ਰਾਈਜ਼ ਇੰਡੈਕਸ ਫਾਰ ਇੰਡਸਟਰੀਅਲ ਵਰਕਰਜ਼ (ਬੇਸ 2016=100) ਨੂੰ ਕੰਜਿਊਮਰ ਪ੍ਰਾਈਜ਼ ਇੰਡੈਕਸ ਫਾਰ ਇੰਡਸਟਰੀਅਲ ਵਰਕਰਜ਼ ਦੀ ਪੁਰਾਣੀ ਸੀਰੀਜ਼ (ਬੇਸ 2001=100) ਨਾਲ ਜੋੜਨ ਤੋਂ ਬਾਅਦ ਮਾਰਚ, 2024 ਤੋਂ ਅਗਸਤ, 2024 ਤੱਕ ਛੇ ਮਹੀਨਿਆਂ ਲਈ ਔਸਤ ਉਪਭੋਗਤਾ ਮੁੱਲ ਸੂਚਕ ਅੰਕ 399.52 ਹੈ। ਇਸ ਤਰ੍ਹਾਂ ਮਿਤੀ 01.09.2024 ਤੋਂ ਅਣ-ਸਿੱਖਿਅਤ ਕਾਮਿਆਂ ਲਈ ਘੱਟੋ-ਘੱਟ ਉਜ਼ਰਤਾਂ ਦੀਆਂ ਦਰਾਂ 10996.04/- ਰੁਪਏ ਇਹਨਾਂ ਰੋਜ਼ਗਾਰਾਂ ਵਿੱਚ ਘੱਟੋਂ-ਘੱਟ ਉਜ਼ਰਤਾਂ ਦੀਆਂ ਦਰਾਂ ਦਾ ਵੇਰਵਾ ਹੇਠ ਦਿੱਤੀ ਸਾਰਣੀ ਵਿੱਚ ਦਿੱਤਾ ਗਿਆ ਹੈ:-

Sunny

## **ਸਾਰਣੀ ਨੰ: 1**

| ਲੜੀ ਨੰ: | ਸ਼੍ਰੇਣੀਆਂ | 01.09.2013 ਤੋਂ ਲਾਗੂ ਮਾਸਿਕ/ਰੋਜਾਨਾ/ਪ੍ਰਤੀ ਘੰਟਾ (ਰੁਪਿਆਂ ਵਿੱਚ) | 01.03.2024 ਤੋਂ ਲਾਗੂ ਮਾਸਿਕ/ਰੋਜਾਨਾ/ਪ੍ਰਤੀ ਘੰਟਾ (ਰੁਪਿਆਂ ਵਿੱਚ) | 01.09.2024 ਤੋਂ ਲਾਗੂ ਮਾਸਿਕ/ਰੋਜਾਨਾ/ਪ੍ਰਤੀ ਘੰਟਾ (ਰੁਪਿਆਂ ਵਿੱਚ) |
|---|---|---|---|---|
| 1. | ਅਣ-ਸਿੱਖਿਅਤ (Un-Skilled) | 6247.75<br>240.64<br>30.08 | 10899.82<br>419.22<br>52.40 | 10996.04<br>422.92<br>52.86 |
| 2. | ਅਰਧ-ਸਿੱਖਿਅਤ (Semi-Skilled) | 7027.75<br>270.64<br>33.88 | 11679.82<br>449.22<br>56.15 | 11776.04<br>452.92<br>56.61 |
| 3. | ਸਿੱਖਿਅਤ (Skilled) | 7924.75<br>305.14<br>38.18 | 12576.82<br>483.72<br>60.46 | 12673.04<br>487.42<br>60.92 |
| 4. | ਉੱਚ-ਸਿੱਖਿਅਤ (Highly-Skilled) | 8956.75<br>344.84<br>43.18 | 13608.82<br>523.41<br>65.42 | 13705.04<br>527.11<br>65.88 |

Sunny

**<u>ਸਾਰਣੀ ਨੰ:2</u>**

ਸਟਾਫ ਸ਼੍ਰੇਣੀਆਂ ਏ ਤੋਂ ਡੀ ਦੀਆਂ ਘੱਟੋ-ਘੱਟ ਉਜਰਤਾਂ ਹੇਠਾਂ ਅਨੁਸਾਰ ਦਿੱਤੀਆਂ ਗਈਆਂ ਹਨ, ਜੋ ਕਿ ਪੰਜਾਬ ਸਰਕਾਰ, ਸਥਾਨਕ ਅਥਾਰਟੀ ਅਤੇ ਸਰਕਾਰ ਦੇ ਨਿਯੰਤਰਣ ਅਧੀਨ ਬੋਰਡਾਂ, ਕਾਰਪੋਰੇਸ਼ਨਾਂ ਜਾਂ ਕਿਸੇ ਵੀ ਏਜੰਸੀ (ਜਿਸ ਵੀ ਨਾਮ ਨਾਲ ਇਸ ਨੂੰ ਜਾਣਿਆ ਜਾਂਦਾ ਹੈ) ਦੇ ਅਧੀਨ ਅਨੁਸੂਚਿਤ ਰੋਜ਼ਗਾਰਾਂ ਦੇ ਵਿੱਚ ਆਊਟਸੋਰਸਿੰਗ ਰਾਹੀਂ, ਕੈਜੂਅਲੀ ਜਾਂ ਡੇਲੀ ਵੇਜਿਜ ਤੇ ਨਿਯੁਕਤ ਕੀਤੇ ਗਏ ਸਟਾਫ ਤੇ ਲਾਗੂ ਹੋਣਗੀਆਂ :-

| **ਲੜੀ ਨੰ:** | **ਸ਼੍ਰੇਣੀਆਂ** | **01.09.2013 ਤੋਂ ਲਾਗੂ ਮਾਸਿਕ/ਰੋਜਾਨਾ/ਪ੍ਰਤੀ ਘੰਟਾ (ਰੁਪਿਆਂ ਵਿੱਚ)** | **01.03.2024 ਤੋਂ ਲਾਗੂ ਮਾਸਿਕ/ਰੋਜਾਨਾ/ਪ੍ਰਤੀ ਘੰਟਾ (ਰੁਪਿਆਂ ਵਿੱਚ)** | **01.09.2024 ਤੋਂ ਲਾਗੂ ਮਾਸਿਕ/ਰੋਜਾਨਾ/ਪ੍ਰਤੀ ਘੰਟਾ (ਰੁਪਿਆਂ ਵਿੱਚ)** |
|---|---|---|---|---|
| 5. | ਸਟਾਫ ਕੈਟਾਗਰੀ-ਏ (Staff Category-A) | 11417.75<br>439.54<br>54.98 | 16069.82<br>618.07<br>77.25 | 16166.04<br>621.77<br>77.72 |
| 6. | ਸਟਾਫ ਕੈਟਾਗਰੀ-ਬੀ (Staff Category-B) | 9747.75<br>375.34<br>46.98 | 14399.82<br>553.83<br>69.22 | 14496.04<br>557.54<br>69.69 |
| 7. | ਸਟਾਫ ਕੈਟਾਗਰੀ-ਸੀ (Staff Category-C) | 8247.75<br>317.63<br>39.78 | 12899.82<br>496.14<br>62.01 | 12996.04<br>499.84<br>62.48 |
| 8. | ਸਟਾਫ ਕੈਟਾਗਰੀ-ਡੀ (Staff Category-D) | 7047.75<br>271.44<br>33.98 | 11699.82<br>449.99<br>56.24 | 11796.04<br>453.69<br>56.71 |

Sunny

## ਸਾਰਣੀ ਨੰ: 3

ਖੇਤੀਬਾੜੀ ਰੋਜਗਾਰ ਵਿੱਚ ਅਟੈਚਡ ਲੇਬਰ ਦੀਆਂ ਉਜਰਤਾਂ (ਅਣ-ਸਿੱਖਿਅਤ ਕਾਮੇ)

(ਸਲਾਨਾ ਖਾਣੇ ਸਮੇਤ ਜਾਂ ਬਰਾਬਰ ਦੇ ਅਨਾਜ ਦੇ ਸਮੇਤ)

(ਮਿਤੀ 15.11.2012 ਦੀ ਅਧਿਸੂਚਨਾ ਅਨੁਸਾਰ)

| ਲੜੀ ਨੰ: | ਮਿਤੀ | ਉਜਰਤਾਂ ਸਲਾਨਾ (ਰੁਪਿਆਂ ਵਿੱਚ) |
|---|---|---|
| 1. | 01.09.2013 | 46232.30 |
| 2. | 01.03.2024 | 74147.72 |
| 3. | 01.09.2024 | 74725.04 |

Sunny

## ਸਾਰਣੀ ਨੰ: 4

ਹੋਰ ਖੇਤੀਬਾੜੀ ਮਜ਼ਦੂਰੀ ਰੋਜਾਨਾ ਅਧਾਰ ਤੇ (ਰੁਪਿਆਂ ਵਿੱਚ)

| ਲੜੀ ਨੰ: | ਮਿਤੀ | ਖਾਣੇ ਸਮੇਤ (ਰੁਪਿਆਂ ਵਿੱਚ) | ਬਗੈਰ ਖਾਣੇ (ਰੁਪਿਆਂ ਵਿੱਚ) |
|---|---|---|---|
| 1. | 01.09.2013 | 225.44 | 250.64 |
| 2. | 01.03.2024 | 393.30 | 437.26 |
| 3. | 01.09.2024 | 396.77 | 441.12 |

## **ਸਾਰਣੀ ਨੰ: 5**

ਭੱਠੇ (ਪੀਸ ਰੇਟ) ਪ੍ਰਤੀ 1000 ਇੱਟਾਂ ਜਾਂ ਟਾਇਲਾਂ (ਰੁਪਿਆਂ ਵਿੱਚ)

| ਲੜੀ ਨੰ: | | 01.09.2013 | 01.03.2024 | 01.09.2024 |
|---|---|---|---|---|
| 1. | ਪਥੇਰਾ ਜਮਾਂਦਰੀ ਕਮਿਸ਼ਨ ਸਮੇਤ ਇੱਟਾਂ | 515.02 | 898.50 | 906.43 |
| | ਟਾਈਲਾਂ | 573.12 | 999.86 | 1008.69 |
| 2. | ਪਥੇਰਾ ਜਮਾਂਦਰੀ ਕਮਿਸ਼ਨ ਬਿਨ੍ਹਾਂ ਇੱਟਾਂ | 484.92 | 845.99 | 853.45 |
| | ਟਾਈਲਾਂ | 545.72 | 952.06 | 960.46 |
| 3. | ਭਰਾਈ ਵਾਲਾ ਖੋਤਾ, ਖੱਚਰ, ਰੇੜੀ, ਠੇਲਾ (ਪਸ਼ੂ ਸ਼ਕਤੀ ਨਾਲ) | 191.36 | 333.84 | 336.79 |
| | ਟੈਂਪੂ, ਮੋਟਰ ਗੱਡੀ (ਮਕੈਨੀਕਲ ਪਾਵਰ ਨਾਲ) | 166.46 | 290.40 | 292.96 |
| | ਟਰੱਕ ਜਾਂ ਟਰਾਲੀ ਵਿੱਚ ਲਦਾਈ ਅਤੇ ਉਤਰਾਈ (ਪੱਕੀ ਇੱਟ) | 142.06 | 247.83 | 250.02 |
| 4. | ਚਿਨਾਈ ਵਾਲਾ | 38.46 | 67.09 | 67.68 |
| 5. | ਕੇਰੀ ਵਾਲਾ | 32.36 | 56.45 | 56.95 |
| 6. | ਨਿਕਾਸੀ ਵਾਲਾ | 122.69 | 214.04 | 215.93 |
| 7. | ਮਿਸਤਰੀ | 95.39 | 166.41 | 167.88 |

ਨੋਟ:- ਕਾਮਿਆਂ ਦੀਆਂ ਸਮੂਹ ਸ਼੍ਰੇਣੀਆਂ ਦੀਆਂ ਉਜ਼ਰਤਾਂ ਵਿੱਚ ਅਣ-ਸਿੱਖਿਅਤ ਕਾਮੇ ਦੀਆਂ ਉਜ਼ਰਤਾਂ ਦੀ ਤਰ੍ਹਾਂ ਹੀ ਵਾਧਾ ਕੀਤਾ ਜਾਵੇ।

ਕਿਰਤ ਕਮਿਸ਼ਨਰ, ਪੰਜਾਬ